THE SIKHCOALITION

# ਆਪਣੇ ਹੱਕਾਂ ਨੂੰ ਜਾਣੋ ਇਮੀਗ੍ਰੇਸ਼ਨ: ਇਮੀਗ੍ਰੇਸ਼ਨ ਅਫ਼ਸਰਾਂ ਦੀਆਂ ਕਿਸਮਾਂ

**ਫ਼ਰਵਰੀ 2025 ਵਿੱਚ ਸੋਧਿਆ ਗਿਆ**

ਇਹ ਜਾਣਕਾਰੀ ਕਾਨੂੰਨੀ ਸਲਾਹ ਨਹੀਂ ਹੈ। ਜੇ ਤੁਹਾਨੂੰ ਖਾਸ ਅਤੇ ਤੁਰੰਤ ਕਾਨੂੰਨੀ ਮਦਦ ਦੀ ਲੋੜ ਹੈ, ਤਾਂ ਸਿੱਖ ਕੋਲੀਸ਼ਨ ਨਾਲ ਸੰਪਰਕ ਕਰੋ।

ਸਿੱਖ ਕੋਲਿਸ਼ਨ ਵੱਲੋਂ ਇਮੀਗ੍ਰੇਸ਼ਨ ਹੱਕਾਂ ਬਾਰੇ ਜਾਣਕਾਰੀ ਲਈ ਕਿਊਆਰ ਕੋਡ ਸਕੈਨ ਕਰੋ।

- ਇਮੀਗ੍ਰੇਸ਼ਨ ਅਫ਼ਸਰ ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ (ਡੀਐਚਐਸ) ਲਈ ਕੰਮ ਕਰਦੇ ਹਨ। ਡੀਐਚਐਸ ਦੇ ਅਧੀਨ ਦੋ ਤਰ੍ਹਾਂ ਦੇ ਇਮੀਗ੍ਰੇਸ਼ਨ ਅਫ਼ਸਰ ਹੁੰਦੇ ਹਨ ਜੋ ਲੋਕਾਂ ਨੂੰ ਗ੍ਰਿਫ਼ਤਾਰ ਕਰ ਸਕਦੇ ਹਨ।

- ਇਕ ਹੁੰਦਾ ਹੈ "ਕਸਟਮ ਐਂਡ ਬਾਡਰ ਪੈਟਰੋਲ (ਸੀਬੀਪੀ) ਇਮੀਗ੍ਰੇਸ਼ਨ ਅਫ਼ਸਰ।"
  - ਸੀਬੀਪੀ ਇਮੀਗ੍ਰੇਸ਼ਨ ਅਫ਼ਸਰ ਏਅਰਪੋਰਟਾਂ, ਰੇਲਵੇ ਸਟੇਸ਼ਨਾਂ ਅਤੇ ਅਮਰੀਕਾ ਅਤੇ ਕੈਨੇਡਾ ਜਾਂ ਮੈਕਸੀਕੋ ਦੀਆਂ ਸਰਹੱਦਾਂ ਪਾਰ ਕਰਨ ਵਾਲੇ ਸਥਾਨਾਂ 'ਤੇ ਮੌਜੂਦ ਹੁੰਦੇ ਹਨ।
  - ਸੀਬੀਪੀ ਇਮੀਗ੍ਰੇਸ਼ਨ ਅਫ਼ਸਰ ਕਿਸੇ ਵੀ ਸਰਹੱਦ, ਏਅਰਪੋਰਟ ਜਾਂ ਦੇਸ਼ ਵਿੱਚ ਦਾਖ਼ਲੇ ਵਾਲੇ ਕਿਸੇ ਵੀ ਪੋਰਟ ਦੇ 100 ਮੀਲ ਦੇ ਦਾਇਰੇ ਅੰਦਰ ਲੋਕਾਂ ਨੂੰ ਰੋਕ ਅਤੇ ਗ੍ਰਿਫ਼ਤਾਰ ਕਰ ਸਕਦੇ ਹਨ।
  - ਸੀਬੀਪੀ ਇਮੀਗ੍ਰੇਸ਼ਨ ਅਫ਼ਸਰ ਕਿਸੇ ਵਿਅਕਤੀ ਨੂੰ ਡੀਪੋਰਟ ਕਰ ਸਕਦੇ ਹਨ।

- ਦੂਸਰੇ ਅਫ਼ਸਰ ਹੁੰਦੇ ਹਨ "ਇਮੀਗ੍ਰੇਸ਼ਨ ਕਸਟਮਜ਼ ਐਂਡ ਐਨਫ਼ੋਰਸਮੈਂਟ ਇਮੀਗ੍ਰੇਸ਼ਨ (ਆਇਸ) ਅਫ਼ਸਰ।"
  - ਆਇਸ ਅਫ਼ਸਰ ਅਮਰੀਕਾ ਦੇ ਅੰਦਰ ਕਿਤੇ ਵੀ ਲੋਕਾਂ ਨੂੰ ਰੋਕ ਅਤੇ ਗ੍ਰਿਫ਼ਤਾਰ ਕਰ ਸਕਦੇ ਹਨ; ਉਹ ਤੁਹਾਡੇ ਘਰ, ਕੰਮ ਵਾਲੀ ਜਗ੍ਹਾ ਜਾਂ ਗੁਰਦੁਆਰੇ ਆ ਸਕਦੇ ਹਨ।
  - ਆਇਸ ਅਫ਼ਸਰ ਕਿਉਂਕਿ ਸਾਦੇ ਕਪੜਿਆਂ ਵਿੱਚ ਵੀ ਹੋ ਸਕਦੇ ਹਨ, ਇਸ ਲਈ ਤੁਹਾਨੂੰ ਉਨ੍ਹਾਂ ਤੋਂ ਪਛਾਣ-ਪੱਤਰ ਮੰਗਣਾ ਚਾਹੀਦਾ ਹੈ।
  - ਆਇਸ ਅਫ਼ਸਰ ਨੂੰ ਤੁਹਾਨੂੰ ਇਸ ਗੱਲ ਦਾ ਸਬੂਤ ਦਿਖਾਉਣਾ ਚਾਹੀਦਾ ਹੈ ਕਿ ਉਹ ਇਮੀਗ੍ਰੇਸ਼ਨ ਅਫ਼ਸਰ ਹਨ।

- ਟਰੰਪ ਪ੍ਰਸ਼ਾਸਨ ਵੱਲੋਂ ਨੀਤੀਆਂ ਵਿੱਚ ਕੀਤੀਆਂ ਗਈਆਂ ਹਾਲੀਆ ਤਬਦੀਲੀ ਕਰ ਕੇ ਕੁਝ ਹੋਰ ਕਾਨੂੰਨ ਲਾਗੂ ਕਰਵਾਉਣ ਵਾਲੀਆਂ ਫੈਡਰਲ ਏਜੰਸੀਆਂ/ਏਜੰਟਾਂ ਨੂੰ ਇਮੀਗ੍ਰੇਸ਼ਨ ਸੰਬੰਧੀ (ਗ੍ਰਿਫ਼ਤਾਰੀ ਸਮੇਤ) ਕਾਰਾਵਾਈ ਕਰਨ ਦੀ ਆਗਿਆ ਮਿਲ ਗਈ ਹੈ। ਹਾਲੇ ਅਸੀਂ ਇਸ ਨੀਤੀ ਬਾਰੇ ਹੋਰ ਜਾਣਕਾਰੀ ਇੱਕਤਰ ਕਰ ਰਹੇ ਹਾਂ ਅਤੇ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਮਲੀ ਰੂਪ ਵਿੱਚ ਇਹ ਕਿਵੇਂ ਕੰਮ ਕਰੇਗੀ।